ਵੱਲੋ,

ਡਾਇਰੈਕਟਰ
ਤਕਨੀਕੀ ਸਿਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ,
ਪੰਜਾਬ, ਚੰਡੀਗੜ੍ਹ।

ਸੇਵਾ ਵਿਖੇ

**ਰਜਿਸਟਰਾਰ, (ਸੈਕਸਨਿੰਗ ਅਥਾਰਟੀਜ਼)**

1. ਪੰਜਾਬ ਤਕਨੀਕੀ ਯੂਨੀਵਰਸਿਟੀ, ਜਲੰਧਰ।
2. ਡਾ: ਬੀ.ਆਰ.ਅੰਬੇਦਕਰ, ਨੈਸ਼ਨਲ ਇਸ: ਆਫ ਟੈਕ: ਜਲੰਧਰ।
3. ਇੰਡੀਅਨ ਇੰਸ: ਆਫ ਟੈਕ: ਰੋਪੜ੍ਹ
4. ਸੰਤ ਲੋਗੋਂਵਾਲ ਇੰਸ਼: ਆਫ ਇੰਜੀ: ਅਤੇ ਟੈਕ: ਸੰਗਰੂਰ।
5. ਨੈਸ਼ਨਲ ਇੰਸ: ਆਫ ਫਾਰਮੈਸਿਊਟੀਕਲ ਐਜੂਕੇਸ਼ਨ ਐਂਡ ਰਿਸਰਚ, ਮੋਹਾਲੀ।
6. ਥਾਪਰ ਯੂਨੀਵਰਸਿਟੀ, ਪਟਿਆਲਾ।

7-21 **ਪ੍ਰਿੰਸੀਪਲ,**
ਸਰਕਾਰੀ ਬਹੁਤਕਨੀਕੀ ਕਾਲਜ, ਅੰਮ੍ਰਿਤਸਰ, ਬਠਿੰਡਾ,ਬਟਾਲਾ, ਬਹਿਰਾਮ, ਬਡਬਰ, ਬੇਗੋਵਾਲ, ਬਰੇਟਾ,ਭਿੱਖੀਵਿੰਡ, ਹੁਸ਼ਿਆਰਪੁਰ, ਜੀ.ਟੀ.ਬੀ.ਗੜ੍ਹ, ਫਤੂਹੀਖੇੜਾ, ਰਾਂਣਵਾ, ਖੂਨੀ ਮਾਜਰਾ, ਕੋਟਕਪੂਰਾ, ਫਿਰੋਜ਼ਪੁਰ।

22-27 ਸਰਕਾਰੀ ਬਹੁਤਕਨੀਕੀ ਕਾਲਜ, ਲੜਕੀਆ, ਅੰਮ੍ਰਿਤਸਰ, ਜਲੰਧਰ, ਦੀਨਾਨਗਰ, ਪਟਿਆਲਾ, ਲੁਧਿਆਣਾ ਅਤੇ ਰੋਪੜ੍ਹ।

28. ਪ੍ਰਿੰਸੀਪਲ, ਗੋਰਮਿੰਟ ਇੰਸ: ਆਫ ਟੈਕਸਟਾਈਲ ਕੈਮਿਸਟਰੀ ਅਤੇ ਨਿਟਿੰਗ ਟੈਕ: ਲੁਧਿਆਣਾ
29. ਕੋਆਰਡੀਨੇਟਰ ਸਕਾਲਰਸ਼ਿਪ (ਮੁੱਖ ਦਫਤਰ)

**ਮੀਮੋ ਨੰ: 327 /ਵੈਬ ਪੋਰਟਲ ਮਿਤੀ: 28/5/14**

<u>ਵਿਸ਼ਾ:</u> <u>ਵਿਭਾਗ ਦੀ ਵੈੱਬ ਸਾਈਟ /ਈ-ਮੇਲ ਚੈੱਕ ਕਰਨ ਉਪਰੰਤ ਸੂਚਨਾ ਭੇਜਣ ਬਾਰੇ।</u>

ਸਕਾਲਰਸ਼ਿਪ ਨਾਲ ਸਬੰਧਤ ਲਾਈਨ ਵਿਭਾਗ ਨੂੰ ਜੋ ਵੀ ਸੂਚਨਾ ਚਾਹੀਦੀ ਹੁੰਦੀ ਹੈ, ਉਸ ਸਬੰਧੀ ਪੱਤਰ ਵਿਭਾਗ ਦੀ ਵੈਬ ਸਾਈਟ ਤੇ ਅਤੇ ਸੈਕਸ਼ਨਿੰਗ ਅਥਾਰਟੀਆਂ ਦੀ ਈ-ਮੇਲ ਤੇ ਪਾਏ ਜਾਂਦੇ ਹਨ, ਪ੍ਰੰਤੂ ਇਹ ਵੇਖਣ ਵਿੱਚ ਆਇਆ ਹੈ ਕਿ ਸੈਕਸ਼ਨਿੰਗ ਅਥਾਰਟੀਆਂ ਵੱਲੋਂ ਅਤੇ ਉਨ੍ਹਾਂ ਦੇ ਅਧੀਨ ਆਉਂਦੀਆਂ ਸੰਸਥਾਵਾਂ ਵੱਲੋਂ ਲਾਈਨ ਵਿਭਾਗ ਦੀ ਵੈਬ ਸਾਈਟ ਅਤੇ ਉਨ੍ਹਾਂ ਦੀ ਈ-ਮੇਲ ਚੈੱਕ ਨਹੀਂ ਕੀਤੀ ਜਾਂਦੀ। ਜਿਸ ਕਾਰਨ ਉਨ੍ਹਾਂ ਵੱਲੋਂ ਲੋੜੀਂਦੀ ਸੂਚਨਾ ਲਾਈਨ ਵਿਭਾਗ ਨੂੰ ਨਹੀਂ ਭੇਜੀ ਜਾਂਦੀ ਅਤੇ ਭਲਾਈ ਵਿਭਾਗ ਵੱਲੋਂ ਸਮੇਂ-2 ਤੇ ਮੰਗੀ ਜਾਂਦੀ ਸੂਚਨਾ ਉਨ੍ਹਾਂ ਨੂੰ ਭੇਜਣ ਵਿੱਚ ਦੇਰੀ ਦਾ ਕਾਰਨ ਬਣਦਾ ਹੈ। ਇਸ ਲਈ ਆਪ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਲਾਈਨ ਵਿਭਾਗ ਦੀ ਵੈਬ ਸਾਈਟ <u>www.dtepunjab.gov.in</u> ਨੂੰ ਰੋਜ਼ਾਨਾ ਚੈੱਕ ਕੀਤਾ ਜਾਇਆ ਕਰੇ ਅਤੇ ਮੰਗੀ ਗਈ ਸੂਚਨਾ ਸਮੇਂ ਸਿਰ ਲਾਈਨ ਵਿਭਾਗ ਨੂੰ ਭੇਜਣੀ ਯਕੀਨੀ ਬਣਾਈ ਜਾਵੇ। ਇਸ ਤੋਂ ਇਲਾਵਾ ਆਪ ਦੇ ਅਧੀਨ ਆਉਂਦੀਆਂ ਸੰਸਥਾਵਾਂ ਨੂੰ ਵੀ ਹਦਾਇਤ ਕੀਤੀ ਜਾਵੇ ਕਿ ਉਹ ਵਿਭਾਗ ਦੀ ਵੈਬ ਸਾਈਟ ਨੂੰ ਚੈੱਕ ਕਰਕੇ ਸਮੇਂ-2 ਤੇ ਮੰਗੀ ਗਈ ਸੂਚਨਾ ਸਬੰਧਤ ਸੈਕਸ਼ਨਿੰਗ ਅਥਾਰਟੀ ਨੂੰ ਭੇਜਣ ਤਾਂ ਜੋ ਸਕਾਲਰਸ਼ਿਪ ਦਾ ਕੰਮ ਸੂਚਾਰੂ ਢੰਗ ਨਾਲ ਅਤੇ ਸਮੇਂ ਸਿਰ ਨਿਪਟਾਇਆ ਜਾ ਸਕੇ।

ਇਸ ਨੂੰ ਅਤਿ ਜ਼ਰੂਰੀ ਸਮਝਿਆ ਜਾਵੇ।

ਵਧੀਕ ਡਾਇਰੈਕਟਰ,
ਵਾਸਤੇ ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ।

ਪਿੱਠ ਅੰਕਣ ਨੰ: /ਸਕਾਲਰਸ਼ਿਪ ਮਿਤੀ:

ਉਪਰਕੋਤ ਦਾ ਉਤਾਰਾ ਪ੍ਰੋਗਰਾਮਰ ਮੁੱਖ ਦਫਤਰ ਨੂੰ ਵਿਭਾਗ ਦੀ ਵੈਬ ਸਾਈਟ ਤੇ ਪਾਉਣ ਲਈ ਭੇਜਿਆ ਜਾਂਦਾ ਹੈ।

ਵਧੀਕ ਡਾਇਰੈਕਟਰ,
ਵਾਸਤੇ ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ,ਪੰਜਾਬ, ਚੰਡੀਗੜ੍ਹ।